**ਸਟੇਟ ਮਿਡ–ਡੇ–ਮੀਲ ਸੈਲ,ਪੰਜਾਬ**
**ਐਸ.ਸੀ.ਓ ਨੰ:104–106,ਦੂਜੀ–ਤੀਜੀ ਮੰਜ਼ਿਲ,ਸੈਕਟਰ 34–ਏ,**
**ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿਖਿਆ ਅਫਸਰ (ਐ.ਸਿ) ਅਤੇ (ਸੈ.ਸਿ)
ਪੰਜਾਬ ਰਾਜ ਵਿੱਚ।

ਮੀਮੋ ਨੰ. ਐਮ.ਡੀ.ਐਮ.ਸੀ/ ਜੀ.ਐਮ /2009/8902
ਮਿਤੀ 26/11/09

**ਵਿਸ਼ਾ:–** **ਗੈਸ ਕੁਨੈਕਸ਼ਨਾਂ ਲੈਣ ਅਤੇ ਗੈਸ ਸਿਲੰਡਰ ਭਰਵਾਉਣ ਬਾਰੇ ਇੰਡੀਅਨ ਆਇਲ ਕਾਰਪੋਰੇਸ਼ਨ ਵੱਲੋਂ ਜਾਰੀ ਕੀਤੇ ਦਿਸ਼ਾ ਨਿਰਦੇਸ਼ ਬਾਰੇ।**

1.0 ਸਕੂਲਾਂ ਦੇ ਅਧਿਆਪਕਾਂ ਦੁਆਰਾ ਗੈਸ ਕੁਨੈਕਸ਼ਨ ਲੈਣ ਅਤੇ ਖਾਲੀ ਸਿਲੰਡਰ ਨੂੰ ਭਰਵਾਉਣ ਵਿੱਚ ਆ ਰਹੀਆਂ ਦਿੱਕਤਾਂ ਦੇ ਸਮਾਧਾਨ ਵਾਸਤੇ ਇੱਕ ਮੀਟਿੰਗ 27.10.09 ਨੂੰ ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ ਦੀ ਪ੍ਰਵਾਨਗੀ ਹੇਠਾਂ ਇੰਡੀਅਨ ਆਇਲ ਕਾਰਪੋਰੇਸ਼ਨ ਦੇ ਅਧਿਕਾਰੀਆਂ ਨਾਲ ਕੀਤੀ ਗਈ ਸੀ।

2.0 ਇੰਡੀਅਨ ਆਇਲ ਕਾਰਪੋਰੇਸ਼ਨ ਦੇ ਅਧਿਕਾਰੀਆਂ ਨੇ ਸਕੂਲਾਂ ਨੂੰ ਪੇਸ਼ ਆ ਰਹੀਆਂ ਦਿੱਕਤਾਂ ਨੂੰ ਦੂਰ ਕਰਨ ਵਾਸਤੇ ਆਪਣੇ ਡੀਲਰਾਂ ਨੂੰ ਕੁਝ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ। ਜਿਨ੍ਹਾਂ ਦਾ ਪੰਜਾਬੀ ਅਨੁਵਾਦ ਆਪ ਦੀ ਜਾਣਕਾਰੀ ਅਤੇ ਸਹੂਲੀਅਤ ਹਿੱਤ ਆਪ ਨੂੰ ਭੇਜਿਆ ਜਾ ਰਿਹਾ ਹੈ ਅਤੇ ਵੈਬ ਸਾਈਟ ਉਪਰ ਵੀ ਪਾਇਆ ਜਾ ਰਿਹਾ ਹੈ।

**ਜਨਰਲ ਮੈਨੇਜਰ,**
**(ਮਿਡ –ਡੇ– ਮੀਲ ਸੈਲ)**

ਜਨਰਲ ਮੈਨੇਜਰ
ਸਟੇਟ ਮਿਡ-ਡੇ-ਮੀਲ ਸੈਲ,ਪੰਜਾਬ
ਐਸ.ਸੀ.ਓ ਨੰ:104-106,ਦੂਜੀ-ਤੀਜੀ ਮੰਜ਼ਿਲ,
ਸੈਕਟਰ 34-ਏ,
ਚੰਡੀਗੜ੍ਹ

ਵਿਸ਼ਾ:- ਪੰਜਾਬ ਵਿੱਚ ਮਿਡ-ਡੇ-ਮੀਲ ਸਕੀਮ ਚਲਾਉਣ ਬਾਰੇ।

ਮਿਤੀ 27.10.2009 ਨੂੰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੇ ਸਬੰਧ ਵਿੱਚ ਪੰਜਾਬ ਰਾਜ ਦੇ ਐਲ.ਪੀ.ਜੀ ਫੀਲਡ ਅਫ਼ਸਰਾਂ ਨੂੰ ਹੇਠ ਲਿਖੇ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ ਜਿਸ ਦੀ 20.11.2009 ਤੋਂ ਸਾਰੇ ਡਿਸਟਰੀਬਿਊਟਰਾਂ ਦੁਆਰਾ ਪਾਲਣਾ ਕੀਤੀ ਜਾਵੇਗੀ।

1. ਸਾਰੇ ਸਕੂਲਾਂ ਨੂੰ ਆਈ.ਓ.ਸੀ. ਵੱਲੋਂ ਜੋ ਗੈਸ ਕੁਨੈਕਸ਼ਨ ਮਿਡ-ਡੇ-ਮੀਲ ਸਕੀਮ ਦੇ ਅੰਤਰਗਤ ਦਿੱਤੇ ਗਏ ਹਨ ਉਨ੍ਹਾਂ ਦੇ ਸਿਲੰਡਰ ਭਰਵਾਉਣ ਦਾ ਖਰਚਾ ਡਰਾਫਟ ਦੀ ਬਜਾਏ ਨਕਦ ਲਿਆ ਜਾਵੇਗਾ।

2. ਸਕੂਲਾਂ ਨੂੰ ਗੈਸ ਦੇ ਰੀਫਲ ਸਿਲੰਡਰ ਮਿਡ-ਡੇ-ਮੀਲ ਸਕੀਮ ਦੇ ਅੰਤਰਗਤ ਜਦੋਂ ਚਾਹੀਦੇ ਹਨ ਦੇ ਆਧਾਰ ਤੇ ਦਿੱਤੇ ਜਾਣਗੇ। ਇਸ ਸਬੰਧ ਵਿੱਚ ਫੀਲਡ ਅਫ਼ਸਰ ਆਈ.ਓ.ਸੀ.ਸਕੂਲ ਪ੍ਰਿੰਸੀਪਲ/ਸਕੂਲ ਮੁੱਖੀ ਨਾਲ ਗੱਲਬਾਤ ਕਰਕੇ ਉਨ੍ਹਾਂ ਦੀ ਸੀਲਿੰਗ ਨਿਰਧਾਰਤ ਕਰੇਗਾ।(ਇਸ ਸਬੰਧ ਵਿੱਚ ਅਪ੍ਰੈਲ ਤੋਂ ਅਕਤੂਬਰ 2009 ਦੀ ਖਪਤ ਨੂੰ ਬੇਸ ਮੰਨਿਆ ਜਾਵੇਗਾ) ਇਹ ਮਹੀਨੇਵਾਰ ਸੀਲਿੰਗ ਦੀ ਲਿਮਟ ਇੰਡਸੋਫਟ, ਸਾਫਟਵੇਅਰ ਵਿੱਚ ਅਪਡੇਟ ਕੀਤੀ ਜਾਵੇਗੀ ਜੋ ਕਿ ਹਰ ਡਿਸਟਰੀਬਿਊਟਰ ਕੋਲ ਉਪਲੱਬਧ ਹੈ। ਅਗਰ ਕਿਸੇ ਮਹੀਨੇ ਵਿੱਚ ਨਿਰਧਾਰਤ ਕੀਤੀ ਸੀਮਾ ਤੋਂ ਵੱਧ ਰੀਫਲ ਸਿਲੰਡਰ ਚਾਹੀਦੇ ਹਨ ਤਾਂ ਇਸ ਸਬੰਧ ਵਿੱਚ ਸਕੂਲ ਮੁੱਖੀ ਵੱਲੋਂ ਕਾਰਨ ਦੱਸ ਕੇ ਪੱਤਰ ਲਿਖ ਕੇ ਲਏ ਜਾ ਸਕਦੇ ਹਨ।

3. ਹਰ ਸਕੂਲ ਦਾ ਸਕੂਲ ਮੁੱਖੀ ਟੈਲੀਫੋਨ ਉਪਰ ਆਪਣੇ ਡਿਸਟਰੀਬਿਊਟਰ ਕੋਲ ਆਪਣਾ ਕਨਜਿਊਮਰ ਨੰ. ਦੱਸ ਕੇ ਰੀਫਲ ਦੀ ਬੂਕਿੰਗ ਕਰਵਾ ਸਕਦਾ ਹੈ। ਡਿਸਟਰੀਬਿਊਟਰ ਦੁਆਰਾ ਉਸਨੂੰ ਗੈਸ ਦੇ ਮਿਲਣ ਦੀ ਤਰੀਕ ਦੱਸ ਦਿੱਤੀ ਜਾਵੇਗੀ। ਪੰਜਾਬ ਰਾਜ ਦੇ ਇੰਡੀਅਨ ਆਇਲ ਦੇ ਸਾਰੇ ਡਿਸਟਰੀਬਿਊਟਰਾਂ ਦੇ ਟੈਲੀਫੋਨ ਨੰਬਰਾਂ ਦੀ ਲਿਸਟ ਨਾਲ ਨੱਥੀ ਹੈ।

4. ਅਧਿਆਪਕ ਨੂੰ ਲਾਈਨ ਵਿੱਚ ਲੱਗਣ ਵਾਸਤੇ ਨਹੀਂ ਕਿਹਾ ਜਾਵੇਗਾ ਅਤੇ ਉਸਨੂੰ ਗੈਸ ਦਾ ਸਿਲੰਡਰ ਪਹਿਲ ਦੇ ਆਧਾਰ ਤੇ ਦਿੱਤਾ ਜਾਵੇਗਾ।

5. ਮੀਟਿੰਗ ਵਿੱਚ ਦਿੱਤੀ ਜਾਣਕਾਰੀ ਅਨੁਸਾਰ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ ਦੇ ਪੈਡਿੰਗ ਸਿਰਫ 241 ਕੁਨੈਕਸ਼ਨ ਬਣਦੇ ਹਨ ਜਿਸ ਦੇ ਸਬੰਧ ਵਿੱਚ ਸਕੂਲਾਂ ਦਾ ਨਾਂ ਅਤੇ ਡਿਸਟਰੀਬਿਊਟਰ ਦਾ ਨਾਂ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਇਨ੍ਹਾਂ ਗੈਸ ਕੁਨੈਕਸ਼ਨਾਂ ਨੂੰ ਤੁਰੰਤ ਜਾਰੀ ਕਰਵਾਇਆ ਜਾ ਸਕੇ।

ਧੰਨਵਾਦ ਸਹਿਤ

ਆਪਦਾ ਹਿਤੂ
ਵਾਸਤੇ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ
(ਐਮ.ਡੀ)

ਸਹੀ
(ਜਗਦੀਪ ਕੁਮਾਰ ਰਾਣਾ)
ਚੰਡੀਗੜ੍ਹ ਏਰਿਆ ਮੈਨੇਜਰ